# ਪੰਜਾਬ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (SCERT)

(ਬਲਾਕ-2, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ, ਅਜੀਤਗੜ੍ਹ)

## ਪੰਜਾਬ ਰਾਜ ਵਿੱਚ ਐਲੀਮੈਂਟਰੀ ਟੀਚਰਜ ਟ੍ਰੇਨਿੰਗ (ਈ.ਟੀ.ਟੀ) ਦੋ ਸਾਲਾ ਡਪਲੋਮਾ-ਕੋਰਸ (ਡੀ.ਐਲ.ਐਡ.) ਲਈ ਨਵੇਂ ਸੈਸਨ (2012-14) ਲਈ ਆਨ-ਲਾਈਨ ਅਪਲਾਈ ਕਰਨ ਲਈ ਸੂਚਨਾ।

ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਨੇ ਪੰਜਾਬ ਰਾਜ ਦੀਆਂ 15 ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂਵਾਂ ਦੀਆਂ 1500 ਸੀਟਾਂ ਲਈ ਅਤੇ 62 ਪ੍ਰਾਇਵੇਟ ਮਾਨਤਾ ਪ੍ਰਾਪਤ ਸੰਸਥਾਂਵਾ ਦੀਆਂ 60% ਸੀਟਾਂ ਲਈ ਸੈਸਨ (2012-2014) ਦੋਰਾਨ ਐਲੀਮੈਂਟਰੀ ਟੀਚਰਜ ਟ੍ਰੇਨਿੰਗ (ਈ.ਟੀ.ਟੀ/ਡੀ.ਐੱਲ.ਐਡ) ਕੋਰਸ ਵਿੱਚ ਦਾਖਲੇ ਲਈ ਉਮੀਦਵਾਰਾਂ ਦੀ ਚੋਣ ਕੇਂਦਰੀ ਦਾਖਲਾ ਪ੍ਰਕਿਰਿਆ ਰਾਹੀਂ ਕਰਨ ਦਾ ਫੈਂਸਲਾ ਕੀਤਾ ਹੈ। ਇਸ ਕੋਰਸ ਵਿੱਚ ਦਾਖਲੇ ਲਈ ਉਮੀਦਵਾਰਾਂ ਦੀ ਚੋਣ ਬਾਰਵੀਂ ਵਿੱਚੋਂ ਪ੍ਰਾਪਤ ਅੰਕਾਂ ਅਨੁਸਾਰ ਸਰਕਾਰ ਵੱਲੋਂ ਜਾਰੀ ਨੋਟੀਫਿਕੇਸਨ ਨੰ:-11/4/2012-5ਸਿ-7/3773, ਮਿਤੀ 03-10-2012 ਵਿੱਚ ਅੰਕਿਤ ਹਦਾਇਤਾਂ, ਵਿਧੀ, ਘੱਟੋ-ਘੱਟ ਸਿੱਖਿਆ ਯੋਗਤਾ ਅਤੇ ਸਟਰੀਮ-ਵਾਈਜ ਇਨਟੇਕ ਅਤੇ ਮੈਰਿਟ ਵਿਧੀ ਅਨੁਸਾਰ ਹੋਵੇਗੀ। ਇਸ ਦਾਖਲੇ ਸਬੰਧੀ ਮੁੱਖ ਸ਼ਰਤਾਂ ਹੇਠ ਅਨੁਸਾਰ ਹੋਣਗੀਆਂ :-

1. ਉਮੀਦਵਾਰ ਦੇ ਬਾਰਵ੍ਹੀਂ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਵਿੱਚੋਂ ਘੱਟੋ-ਘੱਟ 50% ਅੰਕ ਹੋਣੇ ਚਾਹੀਦੇ ਹਨ। ਐਸ.ਸੀ./ਐਸ.ਟੀ.ਉਮੀਦਵਾਰਾਂ ਨੂੰ 5% ਅੰਕਾਂ ਦੀ ਛੋਟ ਹੋਵੇਗੀ।

2. ਸੀਟਾਂ ਦੀ ਕੁੱਲ ਗਿਣਤੀ :-

| | | | |
|---|---|---|---|
| (ੳ) | ਰਾਜ ਦੀਆਂ ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾਵਾਂ ਵਿੱਚ | :- | 1500 ਸੀਟਾਂ |
| (ਅ) | ਮਾਨਤਾ ਪ੍ਰਾਪਤ ਪ੍ਰਾਈਵੇਟ ਈ.ਟੀ.ਟੀ.ਸੰਸਥਾਵਾਂ ਵਿੱਚ ਸੀਟਾਂ ਦੀ ਗਿਣਤੀ (ਕੁੱਲ ਸੀਟਾਂ ਦਾ 60%) | :- | 1890 ਸੀਟਾਂ |

ਸੰਸਥਾਵਾਈਜ ਸੀਟਾਂ ਦੀ ਗਿਣਤੀ www.ssapunjab.org ਤੇ ਉਪਲੱਬਧ ਹੈ।

3. ਹਿਉਮਨੀਟੀਜ, ਸਾਇੰਸ, ਕਮਰਸ ਅਤੇ ਵੋਕੇਸਨਲ ਸਟਰੀਮ ਦੀ ਮੈਰਿਟ ਸਟਰੀਮਵਾਈਜ ਬਣਾਈ ਜਾਵੇਗੀ। ਕਿਸੇ ਵੀ ਸਟਰੀਮ ਦੀਆਂ 25% ਤੋਂ ਵੱਧ ਸੀਟਾਂ ਕਿਸੇ ਵੀ ਸੰਸਥਾ ਵਿੱਚ ਨਹੀਂ ਭਰੀਆਂ ਜਾਣਗੀਆਂ।

4. ਉੱਕਤ ਸੀਟਾਂ ਲਈ ਦਾਖਲੇ ਸਬੰਧੀ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਰਿਜਰਵੇਸਨ ਪਾਲਸੀ ਲਾਗੂ ਹੋਵੇਗੀ। ਕੈਟਾਗਰੀ ਵਾਈਜ ਰਾਖਵੀਆਂ ਸੀਟਾਂ ਸਬੰਧੀ ਸੂਚਨਾ ਵੈਬਸਾਈਟ www.ssapunjab.org ਤੇ ਉਪਲੱਬਧ ਹੈ।

5. ਇਹ ਦਾਖਲਾ ਪੰਜਾਬ ਰਾਜ ਦੇ ਵਸਨੀਕ ਉਮੀਦਵਾਰਾਂ ਲਈ ਹੀ ਹੈ। ਉਮੀਦਵਾਰ ਆਪਣਾ ਡੋਮੀਸਾਈਲ/ਰਿਹਾਇਸ ਸਬੰਧੀ ਸਬੂਤ ਕਾਉਂਸਲਿੰਗ ਸਮੇਂ ਪੇਸ਼ ਕਰੇਗਾ।

6. **ਉਮੀਦਵਾਰਾਂ ਲਈ ਯੋਗਤਾ:-**

    1. ਉਮੀਦਵਾਰ ਨੇ ਬਾਰਵ੍ਹੀਂ ਜਾਂ ਬਰਾਬਰ ਦੀ ਪ੍ਰੀਖਿਆ ਪ੍ਰਮਾਣਿਤ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੋਈ ਹੋਵੇ। ਇਸ ਵਿੱਚ ਪ੍ਰਾਪਤ ਕੀਤੇ ਅੰਕਾਂ ਨੂੰ ਮੈਰਿਟ ਦਾ ਅਧਾਰ ਮੰਨਿਆ ਜਾਵੇਗਾ। ਬਾਰਵੀਂ ਵਿੱਚੋਂ ਰੀ-ਅਪੀਅਰ/ਕੰਪਾਰਟਮੈਂਟ ਆਰ.ਐਲ ਨਤੀਜੇ ਵਾਲੇ ਉਮੀਦਵਾਰ ਇਸ ਕੋਰਸ ਵਾਸਤੇ ਅਰਜੀਆਂ ਦੇਣ ਯੋਗ ਨਹੀਂ ਹਨ।

    2. ਉਮੀਦਵਾਰ ਦਾ ਦਸਵੀਂ ਦੀ ਪ੍ਰੀਖਿਆ ਵਿੱਚ ਸਾਰੇ ਵਿਸਿਆਂ ਵਿੱਚ ਸਮੇਤ ਪੰਜਾਬੀ ਪਾਸ ਹੋਣਾ ਲਾਜਮੀ ਹੈ।

    3. ਉਮੀਦਵਾਰ ਦੀ ਉਮਰ ਅਰਜੀਆਂ ਭੇਜਣ ਦੀ ਅੰਤਿਮ ਮਿਤੀ ਨੂੰ 27 ਸਾਲ ਤੋਂ ਵੱਧ ਨਾਂ ਹੋਵੇ। ਅਨੁਸੂਚਿਤ ਜਾਤੀ/ਅਨਸੂਚਿਤ ਕਬੀਲੇ ਦੇ ਉਮੀਦਵਾਰਾਂ ਨੂੰ ਉਪਰਲੀ ਉਮਰ ਸੀਮਾਂ ਵਿੱਚ 5 ਸਾਲ ਦੀ ਛੋਟ ਹੈ।

7. **ਅਰਜੀ ਲਈ ਫੀਸ** :-

| | | |
|---|---|---|
| ਜਨਰਲ ਕੈਟਾਗਰੀ ਦੇ ਉਮੀਦਵਾਰਾਂ ਲਈ | :- | 400/- |
| ਰਿਜਰਵ ਕੈਟਾਗਰੀ(ਐਸ.ਸੀ./ਐਸ.ਟੀ.) ਦੇ ਉਮੀਦਵਾਰਾਂ ਲਈ | :- | 200/- |

ਉਮੀਦਵਾਰ ਅਰਜੀ ਫੀਸ ਸਟੇਟ ਬੈਂਕ ਆਫ ਪਟਿਆਲਾ ਦੀ ਕਿਸੇ ਵੀ ਸਾਖਾ ਵਿੱਚ ਖਾਤਾ ਨੰਬਰ: 65151701476 ਜਾਂ ਪੰਜਾਬ ਨੈਸ਼ਨਲ ਬੈਂਕ ਦੀ ਕਿਸੇ ਵੀ ਸ਼ਾਖਾ ਵਿੱਚ ਖਾਤਾ ਨੰਬਰ: 3252000100616260 ਵਿੱਚ ਜਮਾ ਕਰਵਾ ਸਕਦਾ ਹੈ।

8. ਮਾਨਤਾ ਪ੍ਰਾਪਤ ਪ੍ਰਾਈਵੇਟ ਸੰਸਥਾਵਾਂ ਵਿੱਚ ਫੀਸ ਅਤੇ ਫੰਡ ਸਰਕਾਰ ਵੱਲੋਂ ਕੀਤੇ ਫੈਸਲੇ ਅਨੁਸਾਰ ਲਾਗੂ ਹੋਣਗੇ ਅਤੇ ਇਹ ਫੈਸਲਾ ਜਲਦੀ ਹੀ ਕੀਤਾ ਜਾ ਰਿਹਾ ਹੈ।

9. ਜੇਕਰ ਕਿਸੇ ਕੇਸ ਵਿੱਚ ਉਮੀਦਵਾਰਾਂ ਦੀ ਮੈਰਿਟ ਇੱਕ ਬਰਾਬਰ ਹੋ ਜਾਂਦੀ ਹੈ ਤਾਂ ਵੱਡੀ ਉਮਰ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ।

10. ਕੌਂਸਲਿੰਗ ਦਾ ਇੱਕ ਚੱਕਰ ਖਤਮ ਹੋਣ ਉਪਰੰਤ ਜੇਕਰ ਜਰੂਰਤ ਪਈ ਤਾਂ ਰਹਿੰਦੀਆਂ ਖਾਲੀ ਸੀਟਾਂ ਤੇ ਦੂਜੀ ਕੌਂਸਲਿੰਗ ਅਤੇ ਬਾਕੀ ਰਹਿੰਦੀਆਂ ਖਾਲੀ ਸੀਟਾਂ ਤੇ ਤੀਸਰੀ ਕੌਂਸਲਿੰਗ ਰਾਹੀਂ ਦਾਖਲਾ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ। ਕੌਂਸਲਿੰਗ ਦੀਆਂ ਮਿਤੀਆਂ ਅਤੇ ਸਥਾਨ ਪਬਲਿਕ ਨੋਟਿਸ ਰਾਹੀਂ ਵੱਖਰੇ ਤੌਰ ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

11. ਪ੍ਰਾਈਵੇਟ ਸੰਸਥਾਵਾਂ ਵਿੱਚ 60% ਸੀਟਾਂ ਸਾਂਝੀ ਮੈਰਿਟ ਰਾਹੀਂ ਭਰੀਆਂ ਜਾਣਗੀਆਂ ਅਤੇ ਬਾਕੀ 40% ਸੀਟਾਂ ਮੈਨੇਜਮੈਂਟ ਕੋਟੇ ਰਾਹੀਂ ਸਬੰਧਤ ਸੰਸਥਾ ਦੇ ਮੁੱਖੀਆਂ ਵਲੋਂ ਜਾਰੀ ਨੋਟੀਫਿਕੇਸਨ ਅਨੁਸਾਰ ਉੱਪਰ ਦੱਸੀ ਘੱਟੋ ਘੱਟ ਯੋਗਤਾ ਅਨੁਸਾਰ ਭਰੀਆਂ ਜਾਣਗੀਆਂ। ਸਬੰਧਤ ਸੰਸਥਾ 40% ਮਨੈਜਮੈਂਟ ਕੋਟੇ ਦੀਆਂ ਸੀਟਾਂ ਦੀ ਦਾਖਲਾ ਪ੍ਰਕਿਰਿਆ ਨੂੰ ਐਸ.ਸੀ.ਈ.ਆਰ.ਟੀ.ਤੋਂ ਦਾਖਲਾ ਕਰਨ ਤੋਂ ਪਹਿਲਾਂ ਪ੍ਰਵਾਨ ਕਰਵਾਏਗੀ।

12. ਸਰਕਾਰੀ ਜਾਂ ਪ੍ਰਾਇਵੇਟ ਸੰਸਥਾਂਵਾਂ ਵਿੱਚ 2 ਸਾਲਾ ਡੀ.ਐਲ.ਐਡ ( ਈ.ਟੀ.ਟੀ.) ਡਿਪਲੋਮਾ ਕੋਰਸ ਵਿੱਚ ਦਾਖਲਾ ਲੈਣ ਵਾਲੇ ਜਾਂ ਪਾਸ ਕਰਨ ਵਾਲੇ ਉਮੀਦਵਾਰਾਂ ਨੂੰ ਡਿਪਲੋਮਾ ਪ੍ਰਾਪਤ ਕਰਨ ਉਪਰੰਤ ਰਾਜ ਸਰਕਾਰ ਵੱਲੋਂ ਜਾਂ ਕਿਸੇ ਹੋਰ ਅਦਾਰੇ ਵੱਲੋਂ ਨੌਕਰੀ ਦੇਣ ਦੀ ਕੋਈ ਗਰੰਟੀ ਨਹੀਂ ਹੋਵੇਗੀ।

13. ਉਮੀਦਵਾਰ ਦਾ ਕਿਸੇ ਸੰਸਥਾ ਵਿੱਚ ਦਾਖਲਾ ਹੋਣ ਤੋਂ ਬਾਅਦ ਕਿਸੇ ਕਿਸਮ ਦੀ ਮਾਈਗਰੇਸਨ ਕਿਸੇ ਵੀ ਹਾਲਾਤ ਵਿੱਚ ਨਹੀਂ ਕੀਤੀ ਜਾਵੇਗੀ।

14. ਖਾਲੀ ਰਹਿ ਗਈਆਂ ਸੀਟਾਂ ਤੇ ਕੋਈ ਵੀ ਮਿਡ-ਟਰਮ ਦਾਖਲਾ ਨਹੀਂ ਕੀਤਾ ਜਾਵੇਗਾ।

15. ਜੇਕਰ ਕਿਸੇ ਦਾਖਲ ਸਿੱਖਿਆਰਥੀ ਦਾ ਸਰਟੀਫਿਕੇਟ ਜਾਂ ਹੋਰ ਵੇਰਵੇ ਝੂਠੇ ਜਾਂ ਗਲਤ ਪਾਏ ਗਏ ਤਾਂ ਉਸ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

16. ਉਮੀਦਵਾਰ ਵਲੋਂ ਮਿਤੀ 08-10-2012 ਤੋਂ 26-10-2012 ਤੱਕ ਵੈਬ-ਸਾਈਟ http://ett.ssapunjab.org ਤੇ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਕਿਸੇ ਵੀ ਉਮੀਦਵਾਰ ਨੂੰ ਜੇਕਰ ਆਨਲਾਈਨ ਅਪਲਾਈ ਕਰਨ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਉਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ ਦਫਤਰ ਤੋਂ ਸਹਾਇਤਾ ਪ੍ਰਾਪਤ ਕਰ ਸਕਦਾ ਹੈ।

ਸਹੀ/-
ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ